Punjabi

# ਗੁਰਦੇ ਦੀ ਬਦਲੀ ਦਾ ਅਲਟਰਾਸਾਉਂਡ ਅਤੇ ਕੋਰ ਬਾਇਓਪਸੀ

## Kidney Transplant Ultrasound and Core Biopsy

ਰੌਇਲ ਕੋਲੰਬੀਅਨ ਹਸਪਤਾਲ Royal Columbian Hospital

ਗੁਰਦੇ ਦੀ ਬਾਇਓਪਸੀ ਲਈ ਰੌਇਲ ਕੋਲੰਬੀਅਨ ਹਸਪਤਾਲ ਵਿਖੇ ਤੁਹਾਡੀ ਮੁਲਾਕਾਤ ਹੈ।

**ਟੈਸਟ ਤੋਂ ਘੱਟੋ - ਘੱਟ 1 ਹਫ਼ਤਾ ਪਹਿਲਾਂ**, ਇਹ ਹਿਦਾਇਤਾਂ ਪੜ੍ਹੋ।

**ਤਾਰੀਖ਼/Date:** ______________________

**ਸਮਾਂ/Time:** ______________________

ਇਸ ਟੈਸਟ ਰਾਹੀਂ ਸਾਨੂੰ ਇਹ ਜਾਂਚ ਕਰਣ 'ਚ ਮਦਦ ਮਿਲਦੀ ਹੈ ਕਿ ਤੁਹਾਡੀ ਬਦਲੀ ਕੀਤਾ ਗੁਰਦਾ ਕਿੰਨ੍ਹਾ ਚੰਗੀ ਤਰਾਂ ਕੰਮ ਕਰ ਰਿਹਾ ਹੈ। ਹਾਲਾਂਕਿ ਇਹ ਟੈਸਟ ਕਰਣ 'ਚ ਲਗਭਗ 30 ਤੋਂ 60 ਮਿੰਟ ਦਾ ਸਮਾਂ ਲਗਦਾ ਹੈ ਪਰ ਤੁਸੀਂ 6 ਤੋਂ 8 ਘੰਟੇ ਹਸਪਤਾਲ ਰਹਿਣ ਦੀ ਵਿਓਂਤ ਬਣਾ ਕੇ ਆਓ। ਰਾਤੀਂ ਉੱਥੇ ਰਹਿਣ ਦੀ ਲੋੜ ਵੀ ਪੈ ਸਕਦੀ ਹੈ।

### ਕਿੱਥੇ ਜਾਣਾ ਹੈ

ਪੇਸ਼ੈਂਟ ਰਜਿਸਟਰੇਸ਼ਨ
ਮੇਨ ਫਲੋਰ ਹੈਲਥ ਕੇਯਰ ਸੈਂਟਰ
ਕੋਲੰਬੀਆ ਟਾਵਰ
ਰੌਇਲ ਕੋਲੰਬੀਅਨ ਹਸਪਤਾਲ
330 ਈਸਟ ਕੋਲੰਬੀਆ ਸਟ੍ਰੀਟ, ਨਿਉ ਵੈਸਟਮਿਨਸਟਰ

### ਪਾਰਕਿੰਗ

ਕੋਲੰਬਿਆ ਸਟ੍ਰੀਟ, ਸ਼ੇਰਬਰੁਕ ਸਟ੍ਰੀਟ ਅਤੇ ਕਿਅਰੀ ਸਟ੍ਰੀਟ ਤੇ ਪਾਰਕਿੰਗ ਲਾਟਾਂ ਵਿੱਚ ਪੇ ਪਾਰਕਿੰਗ ਮੌਜੂਦ ਹੈ।

**ਕਿਰਪਾ ਕਰ ਕੇ ਨੋਟ ਕਰੋ:** ਪਾਰਕਿੰਗ ਮਸ਼ੀਨਾਂ ਕਰੈਡਿਟ ਕਾਰਡ ਕਬੂਲ ਕਰਦੀਆਂ ਹਨ। ਕਈਆਂ ਤੇ ਡੈਬਿਟ ਕਾਰਡ ਅਤੇ ਸਿੱਕੇ ਵੀ ਕਬੂਲ ਕੀਤੇ ਜਾਂਦੇ ਹਨ।

### ਹਸਪਤਾਲ ਕੀ ਲੈ ਕੇ ਆਣਾ ਹੈ

- ਬੀਸੀ ਕੇਯਰ ਕਾਰਡ (ਆਪਣਾ ਨਿਜੀ ਸਿਹਤ ਦਾ ਕਾਰਡ)
- ਸ਼ਿਨਾਖ਼ਤੀ ਫੋਟੋ ਜਿਵੇਂ ਡਰਾਇਵਰ ਲਾਇਸੈਂਸ

### ਤੁਹਾਡੇ ਟੈਸਟ ਤੋਂ ਇਕ ਹਫ਼ਤਾ ਪਹਿਲਾਂ

ਹਰ ਖਾਨੇ ਤੇ, ਅਮਲ ਕਰਨ ਤੋਂ ਬਾਅਦ (☑)ਨਿਸ਼ਾਨੀ ਲਾਓ।

☐ ਆਪਣੀ ਮੁਲਾਕਾਤ ਪੱਕੀ ਕਰਣ ਲਈ ਫੋਨ ਕਰੋ।

**604-520-4642** (ਅੰਗ੍ਰੇਜ਼ੀ)

ਜੇ ਤੁਸੀਂ ਡਾਕਟਰੀ ਗਲ ਬਾਤ ਜੋਗ ਅੰਗ੍ਰੇਜ਼ੀ ਪੜ੍ਹ ਜਾਂ ਸਮਝ ਨਹੀਂ ਸਕਦੇ, ਤਾਂ ਜਦੋਂ ਤੁਸੀਂ ਫੋਨ ਕਰੋ ਤਾਂ ਸਾਨੂੰ ਇਸ ਬਾਰੇ ਦੱਸੋ। ਅਸੀਂ ਮੈਡੀਕਲ ਦੁਭਾਸ਼ੀਏ ਦਾ ਇੰਤਜਾਮ ਕਰ ਸਕਦੇ ਹਾਂ। ਤੁਸੀਂ ਖੁਦ ਵੀ ਆਪਣੇ ਨਾਲ ਕਿਸੇ ਨੂੰ ਲਿਆ ਸਕਦੇ ਹੋ ਜੋ ਤੁਹਾਡੇ ਲਈ ਤਰਜੁਮਾ ਕਰ ਦੇਵੇ।


Print Shop #264062 (March 2013) Punjabi

## ਤੁਹਾਡੇ ਟੈਸਟ ਤੋਂ ਇਕ ਹਫ਼ਤਾ ਪਹਿਲਾਂ - ਚਲਦਾ ਹੈ

☐ ਹਸਪਤਾਲ ਦੀ ਜਿਸ ਲੈਬਾਰਟਰੀ 'ਚ ਜਾਣ ਲਈ ਅਸੀਂ ਤੁਹਾਨੂੰ ਦੱਸਿਆ ਸੀ, ਉੱਥੇ ਜਾ ਕੇ ਆਪਣੇ ਖ਼ੂਨ ਦੇ ਟੈਸਟ ਕਰਵਾਓ। ਇਹਨਾਂ ਟੈਸਟਾਂ ਲਈ ਹਸਪਤਾਲ ਦੀ ਓਸ ਲੈਬਾਰਟਰੀ 'ਚ ਅਸੀਂ ਆਰਡਰ ਭੇਜ ਦਿੰਦੇ ਹਾਂ।

ਅਸੀਂ ਤੁਹਾਡੇ ਖ਼ੂਨ ਦਾ ਟੈਸਟ ਹੀਮੋਗ੍ਲੋਬਿਨ, ਖ਼ੂਨ ਜਮਣ ਦਾ ਸਮਾਂ (ਬਲੱਡ ਕਲੌਟਿੰਗ ਟਾਈਮ) (ਆਈ ਐਨ ਆਰ ਅਤੇ ਪੀ ਟੀ ਟੀ), ਅਤੇ ਪਲੇਟਲੈਟ੍ਸ ਲਈ ਕਰਦੇ ਹਾਂ।

*ਜੇ ਟੈਸਟ ਤੋਂ ਇਕ ਹਫ਼ਤਾ ਪਹਿਲਾਂ, ਤੁਹਾਡੇ ਖ਼ੂਨ ਦੇ ਟੈਸਟ ਨਹੀਂ ਹੋਏ, ਤਾਂ ਹੋ ਸਕਦਾ ਹੈ ਕਿ ਸਾਨੂੰ ਸਮੇਂ ਸਿਰ, ਨਤੀਜੇ ਨਾ ਮਿਲਣ। ਜੇ ਸਾਨੂੰ ਤੁਹਾਡੇ ਬਲੱਡ ਟੈਸਟ ਦੇ ਨਤੀਜੇ ਨਾ ਮਿਲੇ, ਤਾਂ ਸਾਨੂੰ ਤੁਹਾਡਾ ਟੈਸਟ ਰੱਦ ਕਰਨਾ ਪਵੇਗਾ।

☐ ਟੈਸਟ ਤੋਂ ਬਾਅਦ, ਹਸਪਤਾਲ ਤੋਂ ਤੁਹਾਨੂੰ ਘਰ ਲਜਾਉਣ ਲਈ ਕਿਸੇ ਦਾ ਇੰਤਜਾਮ ਕਰੋ।

## ਦਵਾਈਆਂ

ਕਈ ਦਵਾਈਆਂ ਅਤੇ ਸਪਲੀਮੈਂਟ੍ਸ ਖ਼ੂਨ ਵਗਣ ਦੀ ਸੰਭਾਵਨਾ ਨੂੰ ਵਧਾ ਦਿੰਦੇ ਹਨ। ਇਨ੍ਹਾਂ ਵਿਚ ਖ਼ੂਨ ਪਤਲਾ ਕਰਣ ਵਾਲੇ (ਬਲਡ ਥਿਨਰ), ਏਸਪਰਿਨ (ਏ ਐਸ ਏ), ਇਬਜੁਪ੍ਰੋਫ਼ਿਨ ਅਤੇ ਹੋਰ ਸੋਜ ਘਟਾਣ ਵਾਲਿਆਂ ਦਵਾਈਆਂ, ਕੁਝ ਕਿਸਮ ਦੀਆਂ ਜੜੀ-ਬੂਟੀਆਂ ਅਤੇ ਖ਼ੁਰਾਕ ਦੇ ਸਪਲੀਮੈਂਟ੍ਸ (ਗਿੰਕੋ, ਲਸੁਨ, ਮੱਛੀ ਦਾ ਤੇਲ)।

ਤੁਹਾਡਾ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਇਸ ਬਾਰੇ ਤੁਹਾਨੂੰ ਹਿਦਾਇਤਾਂ ਦੇਣਗੇ। ਤੁਸੀਂ ਇਹਨਾਂ ਹਿਦਾਇਤਾਂ ਦੀ ਪਾਲਨਾ ਲਾਜ਼ਮੀ ਤੌਰ ਤੇ ਕਰਨੀ ਹੈ ਵਰਨਾ ਤੁਹਾਡਾ ਟੈਸਟ ਰੱਦ ਕੀਤਾ ਜਾ ਸਕਦਾ ਹੈ।

## ਤੁਹਾਡੇ ਟੈਸਟ ਵਾਲੇ ਦਿਨ

- ਆਉਣ ਤੋਂ ਪਹਿਲਾਂ, ਘੱਟ ਤੇ ਹਲਕਾ ਖਾਣਾ ਖਾਓ।
- ਆਪਣੀ ਮੁਲਾਕਾਤ ਦੇ ਸਮੇਂ ਤੋਂ **2 ਘੰਟੇ ਪਹਿਲਾਂ** ਪਹੁੰਚੋ।
- ਪੇਸ਼ੈਂਟ ਰਜਿਸਟਰੇਸ਼ਨ ਤੇ ਜਾ ਕੇ ਹਾਜਰੀ ਲਾਓ।
- ਹਾਜਰੀ ਤੋਂ ਬਾਅਦ ਸਰਜਿਕਲ ਡੇ ਕੇਯਰ 'ਚ ਜਾਓ।

**ਟੈਸਟ ਤੋਂ ਪਹਿਲਾਂ, ਕਿਰਪਾ ਕਰ ਕੇ ਸਾਨੂੰ ਦੱਸ ਦਿਓ ਜੇ ਤੁਹਾਨੂੰ ਲੈਟੇਕ੍ਸ ਜਾਂ ਫ਼੍ਰੀਜ਼ਿੰਗ ਤੋਂ ਏਲਰਜੀ ਹੈ**

ਅਸੀਂ ਟੈਸਟ ਲਈ ਤੁਹਾਨੂੰ ਸਰਜਿਕਲ ਡੇ ਕੇਯਰ ਤੋਂ ਮੈਡੀਕਲ ਇਮੇਜਿੰਗ 'ਚ ਲੈ ਕੇ ਜਾਵਾਂਗੇ। ਅਲਟਰਾਸਾਓਂਡ ਅਤੇ ਬਾਇਓਪਸੀ, ਦੋਨਾਂ ਦੇ ਲਈ ਤੁਸੀਂ ਆਪਣੀ ਪਿਠ ਭਾਰ ਲੇਟੋਗੇ।

## ਅਲਟਰਾਸਾਓਂਡ ਦੌਰਾਨ ਕੀ ਹੁੰਦਾ ਹੈ ?

ਤੁਹਾਡੇ ਗੁਰਦੇ ਨੂੰ ਦੇਖਣ ਲਈ ਅਸੀਂ ਅਲਟਰਾਸਾਓਂਡ (ਹਾਈ ਫ਼ਰੀਕਵੈਂਸੀ ਸਾਊਂਡ ਵੇਵ) (ਉੱਚ ਆਵਰਤਕ ਅਵਾਜ਼ ਦੀਆਂ ਤਰੰਗਾਂ) ਦਾ ਇਸਤੇਮਾਲ ਕਰਦੇ ਹਾਂ। ਅਸੀਂ ਤੁਹਾਡੇ ਗੁਰਦੇ ਦੀ ਉੱਤਲੀ ਚਮੜੀ ਤੇ ਇਕ ਅਲਟਰਾਸਾਓਂਡ ਪਰੋਬ (ਖ਼ਾਸ ਕੈਮਰਾ) ਸਰਕਾਉਂਦੇ ਹਾਂ। ਇਹ ਅਵਾਜ਼ ਦੀਆਂ ਤਰੰਗਾਂ ਤੁਹਾਡੇ ਗੁਰਦੇ ਦੀ ਤਸਵੀਰ 'ਚ ਤਬਦੀਲ ਹੋ ਜਾਂਦੀਆਂ ਹਨ। ਬਾਇਓਪਸੀ ਦੀ ਥਾਂ ਦਾ ਪਤਾ ਲਗਾਉਣ ਲਈ ਅਸੀਂ ਅਲਟਰਾਸਾਓਂਡ ਦਾ ਇਸਤੇਮਾਲ ਕਰਦੇ ਹਾਂ।

## ਬਾਇਓਪਸੀ ਦੌਰਾਨ ਕੀ ਹੁੰਦਾ ਹੈ ?

ਬਾਇਓਪਸੀ ਤੋਂ ਭਾਵ ਹੈ ਤੁਹਾਡੇ ਬਦਲੇ ਗੁਰਦੇ ਚੋਂ ਇਕ ਛੋਟਾ ਜਿਹਾ ਊਤਕ (ਟਿਸ਼ੂ) ਬਾਹਰ ਕਢਣਾ।

ਬਾਇਓਪਸੀ ਲੈਣ ਲਈ, ਡਾਕਟਰ:

– ਤੁਹਾਡੀ ਚਮੜੀ ਇਕ ਖ਼ਾਸ ਸਾਬਣ ਨਾਲ ਧੋਂਦਾ ਹੈ। ਸਾਬਣ ਕਰ ਕੇ ਤੁਹਾਡੀ ਚਮੜੀ ਗੁਲਾਬੀ ਹੋ ਜਾਂਦੀ ਹੈ ਪਰ ਇਹ ਰੰਗ ਧੁੱਲ ਜਾਂਦਾ ਹੈ।

– ਤੁਹਾਡੀ ਚਮੜੀ 'ਚ ਲੋਕਲ ਫ੍ਰੀਜ਼ਿੰਗ, ਟੀਕੇ ਰਾਹੀਂ ਪਾਈ ਜਾਂਦੀ ਹੈ ਤਾਂ ਕਿ ਤੁਹਾਨੂੰ ਬਾਇਓਪਸੀ ਦੌਰਾਨ ਪੀੜ ਨਾ ਹੋਵੇ।

– ਅਲਟਰਾਸਾਓਂਡ ਦੀ ਮਦਦ ਨਾਲ, ਬਾਇਓਪਸੀ ਦੀ ਸੂਈ ਬਦਲੇ ਹੋਏ ਗੁਰਦੇ 'ਚ ਪਾਈ ਜਾਂਦੀ ਹੈ। ਜਦੋਂ ਵੀ ਡਾਕਟਰ ਬਾਇਓਪਸੀ ਲੈਂਦਾ ਹੈ ਤਾਂ ਇਕ ਉੱਚੀ 'ਕਲਿਕ' ਦੀ ਅਵਾਜ਼ ਤੁਹਾਨੂੰ ਸੁਣੇਗੀ। ਅਸੀਂ ਆਮ ਤੌਰ ਤੇ ਇਕ ਨਾਲੋਂ ਵੱਧ ਸੈਂਪਲ ਲੈਂਦੇ ਹਾਂ।

* ਬਾਇਓਪਸੀ ਦੌਰਾਨ ਤੁਸੀਂ ਲਾਜ਼ਮੀ ਤੌਰ ਤੇ ਹਿਲਣਾ ਨਹੀਂ ਹੈ।

## ਟੈਸਟ ਤੋਂ ਬਾਅਦ ਕੀ ਉਮੀਦ ਕਰੋ

ਬਾਇਓਪਸੀ ਵਾਲੀ ਜਗਹ ਨੂੰ ਅਸੀਂ ਪੱਟੀ ਨਾਲ ਢੱਕ ਦਿੰਦੇ ਹਾਂ।

ਅਸੀਂ ਸੈਮਪਲਾਂ ਨੂੰ ਟੈਸਟਿੰਗ ਲਈ ਆਪਣੀ ਲੈਬਾਰਟਰੀ ‘ਚ ਭੇਜ ਦਿੰਦੇ ਹਾਂ।

ਅਸੀਂ ਤੁਹਾਨੂੰ ਸਰਜਿਕਲ ਡੇ ਕੇਯਰ 'ਚ ਵਾਪਿਸ ਲੈ ਜਾਵਾਂਗੇ ਤਾਕਿ, ਘਰ ਭੇਜਣ ਤੋਂ ਪਹਿਲਾਂ 4 ਤੋਂ 6 ਘੰਟੇ ਆਪਣੀ ਨਿਗਰਾਨੀ 'ਚ ਰੱਖ ਸਕੀਏ। ਤੁਹਾਨੂੰ ਰਾਤ ਰਹਿਣ ਦੀ ਲੋੜ ਵੀ ਪੈ ਸਕਦੀ ਹੈ।

### ਸਰਜਿਕਲ ਡੇ ਕੇਯਰ ‘ਚ:

- ਅਸੀਂ ਤੁਹਾਨੂੰ ਚੈਕ ਕਰਦੇ ਹਾਂ, ਤੁਹਾਡੀ ਪੱਟੀ, ਤੁਹਾਡਾ ਬ੍ਲਡ ਪ੍ਰੈਸ਼ਰ, ਅਤੇ ਤੁਹਾਡੇ ਦਿਲ ਦੀ ਗਤੀ।
- ਅਸੀਂ ਤੁਹਾਨੂੰ ਦੱਸ ਦਿਆਂਗੇ ਕਿ ਤੁਸੀਂ ਘਰ ਕਦੋਂ ਜਾ ਸਕਦੇ ਹੋ। ਇਹ ਅਮੂਮਨ ਉਦੋਂ ਹੁੰਦਾ ਹੈ ਜਦੋਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਬਾਇਓਪਸੀ ਵਾਲੀ ਜਗਹ ਤੇ ਖ਼ੂਨ ਵਗਣ ਦੀ ਸੰਭਾਵਨਾ ਬਹੁਤ ਘੱਟ ਹੈ।

### ਘਰ ਜਾਣਾ:

- ਜਦੋਂ ਤਕ ਕੋਈ ਹੋਰ ਆਪ ਗੱਡੀ ਚਲਾ ਕੇ ਤੁਹਾਨੂੰ ਨਹੀਂ ਲੈ ਜਾਂਦਾ, ਅਸੀਂ ਤੁਹਾਨੂੰ ਜਾਣ ਨਹੀਂ ਦੇਵਾਂਗੇ।

### ਘਰ 'ਚ:

- ਤੁਹਾਡੇ ਹਲਕੀ ਪੀੜ ਹੋ ਸਕਦੀ ਹੈ ਅਤੇ ਬਾਇਓਪਸੀ ਤੋਂ ਬਾਅਦ ਤੁਹਾਡੀ ਪਿੱਠ ਦੇ ਥੱਲੜੇ ਹਿੱਸੇ ਦੇ ਖੱਬੇ ਪਾਸੇ ਛਿੱਲ ਸਕਦਾ ਹੈ। ਪੀੜ ਲਈ ਸਾਦਾ ਅਸੇਟਾਮਾਇਨੋਫ਼ੇਨ (ਜਿਵੇਂ ਕਿ ਆਮ ਟਾਇਲਾਨੌਲ) ਲੈ ਸਕਦੇ ਹੋ।
- ਤੁਸੀਂ ਸ਼ਾਇਦ ਗੌਰ ਕਰੋ ਕਿ ਤੁਹਾਡੇ ਪੇਸ਼ਾਬ 'ਚ ਕੁਝ ਖ਼ੂਨ ਹੈ। ਇਹ ਅਗਲੇ ਹਫ਼ਤੇ ਤਕ ਚਲਾ ਜਾਵੇਗਾ।
- ਟੈਸਟ ਤੋਂ 24 ਘੰਟੇ ਬਾਅਦ ਤਕ ਕੋਈ ਵੀ ਜ਼ੋਰ ਲਾਉਣ ਵਾਲੀਆਂ ਗਤਿਵਿਧੀਆਂ ਨਾ ਕਰੋ ਜਿਵੇਂ ਕੁਝ ਭਾਰ ਚੁੱਕਣਾ ਜਾਂ ਬਹੁਤ ਜਿਆਦਾ ਕਸਰਤ ਕਰਨਾ।

**ਘਰ 'ਚ** - ਚਲਦਾ ਹੈ:

- ਸਭ ਤੋਂ ਨੇੜੇ ਦੇ ਐਮਰਜੈਂਸੀ ਤੇ ਜਾਓ ਜਾਂ 9-1-1 ਤੇ ਫ਼ੋਨ ਕਰੋ ਜੇ:
  - ਤੁਹਾਡੇ ਖ਼ੂਨ ਦਾ ਦਬਾਅ ਇਕਦਮ ਘੱਟ ਜਾਂਦਾ ਹੈ।
  - ਤੁਹਾਨੂੰ ਬੇਹੋਸ਼ੀ ਮਹਿਸੂਸ ਹੁੰਦੀ ਹੈ ਜਾਂ ਤੁਸੀਂ ਬੇਹੋਸ਼ ਹੋ ਜਾਂਦੇ ਹੋ।
  - ਬਾਇਓਪਸੀ ਵਾਲੀ ਜਗਹ ਤੇ ਬਹੁਤ ਤੇਜ ਪੀੜ ਹੈ।
  - ਤੁਹਾਨੂੰ 38.5° ਸੈਲਸੀਅਸ (101.3° ਫ਼ਾਰਨਹੀਟ) ਬੁਖ਼ਾਰ ਹੈ।

**ਤੁਹਾਨੂੰ ਆਪਣੇ ਨਤੀਜੇ ਕਿਵੇਂ ਮਿਲਣਗੇ ?**

ਅਸੀਂ ਤੁਹਾਡੇ ਅਲਟਰਾਸਾਓਂਡ ਦੇ ਨਤੀਜੇ ਅਤੇ ਲੈਬਾਰਟਰੀ ਤੁਹਾਡੇ ਬਾਇਓਪਸੀ ਦੇ ਨਤੀਜੇ ਤੁਹਾਡੇ ਡਾਕਟਰ ਨੂੰ ਜਿਨ੍ਹੀ ਜਲਦੀ ਹੋ ਸਕੇ ਭੇਜ ਦਿੰਦੇ ਹਾਂ (ਆਮ ਤੌਰ ਤੇ 2 ਹਫ਼ਤਿਆਂ 'ਚ)।


ਇਹ ਜਾਨਕਾਰੀ ਤੁਹਾਡੇ ਹੈਲਥ ਕੇਯਰ ਪ੍ਰੋਵਾਇਡਰ ਵਲੋਂ ਤੁਹਾਨੂੰ ਦਿੱਤੀ ਸਲਾਹ ਦਾ ਬਦਲ ਨਹੀਂ ਹੈ।
Print Shop #264062 (March 2013) Punjabi